# ਪੜ੍ਹਨ ਦੀ ਜਾਂਚ (1)

Annual Status of Education Report
ASER 2016 RURAL
Facilitated by PRATHAM

## ਕਹਾਣੀ

ਜੀਤੂ ਦੇ ਘਰ ਇੱਕ ਕੁੱਤਾ ਹੈ। ਉਸ ਦਾ ਨਾਮ ਜੈਕੀ ਹੈ। ਉਸ ਦਾ ਰੰਗ ਕਾਲਾ ਹੈ। ਇੱਕ ਦਿਨ ਰਾਤ ਨੂੰ ਉਹਨਾਂ ਦੇ ਘਰ ਚੋਰ ਆ ਗਏ। ਸਾਰੇ ਸੁੱਤੇ ਪਏ ਸਨ। ਜੈਕੀ ਨੂੰ ਚੋਰਾਂ ਦੀ ਅਵਾਜ਼ ਸੁਣਾਈ ਦਿੱਤੀ। ਉਸ ਨੇ ਜ਼ੋਰ-ਜ਼ੋਰ ਨਾਲ ਭੌਂਕਣਾ ਸ਼ੁਰੂ ਕਰ ਦਿੱਤਾ। ਅਵਾਜ਼ ਸੁਣ ਕੇ ਸਾਰੇ ਉੱਠ ਗਏ। ਜੀਤੂ ਨੇ ਚੋਰਾਂ ਨੂੰ ਫੜ ਲਿਆ। ਉਹਨਾਂ ਨੇ ਚੋਰਾਂ ਨੂੰ ਪੁਲਿਸ ਦੇ ਹਵਾਲੇ ਕਰ ਦਿੱਤਾ।

## ਪੈਰਾ

ਸਵੇਰ ਹੋ ਗਈ ਹੈ।
ਸੂਰਜ ਚਮਕ ਰਿਹਾ ਹੈ।
ਚਿੜੀਆਂ ਚੀਂ-ਚੀਂ ਕਰ ਰਹੀਆਂ ਹਨ।
ਬੱਚੇ ਸਕੂਲ ਜਾ ਰਹੇ ਹਨ।

## ਪੈਰਾ

ਸਰਦੀ ਦਾ ਮੌਸਮ ਹੈ।
ਹਰ ਪਾਸੇ ਧੁੰਦ ਹੈ।
ਸਭ ਨੇ ਗਰਮ ਕੱਪੜੇ ਪਾਏ ਹਨ।
ਸਾਰੇ ਅੱਗ ਸੇਕ ਰਹੇ ਹਨ।

# ਪੜ੍ਹਨ ਦੀ ਜਾਂਚ (1)

ASER 2016 RURAL — Annual Status of Education Report — Facilitated by PRATHAM

**ਅੱਖਰ**

ਲ ਪ ਸ

ਕ ਗ

ਛ ਬ ਮ

ਟ ਰ

ਪੰਜ ਪੁੱਛੋ, 5 ਵਿੱਚੋਂ 4 ਸਹੀ ਹੋਣੇ ਚਾਹੀਦੇ ਹਨ।

**ਸ਼ਬਦ**

ਹਾਰ ਖੁਰ

ਪਾਣੀ

ਮੈਲਾ ਸਿਰ

ਪੂਰਾ ਸੁਰ

ਤੇਲ

ਸ਼ੇਰ ਮੌਕਾ

ਪੰਜ ਪੁੱਛੋ, 5 ਵਿੱਚੋਂ 4 ਸਹੀ ਹੋਣੇ ਚਾਹੀਦੇ ਹਨ।

# ਪੜ੍ਹਨ ਦੀ ਜਾਂਚ (2)



## ਕਹਾਣੀ

ਜੀਤ ਨੇ ਦੋ ਕੁਕੜੀਆਂ ਖਰੀਦੀਆਂ। ਉਸ ਨੇ ਕੁਕੜੀਆਂ ਨੂੰ ਇੱਕ ਖੁੱਡੇ ਵਿੱਚ ਬੰਦ ਕਰ ਦਿੱਤਾ। ਰਾਤ ਨੂੰ ਉਹ ਇੱਕ-ਦੂਜੇ ਤੋਂ ਪਹਿਲਾਂ ਪਾਣੀ ਪੀਣ ਲਈ ਲੜ ਪਈਆਂ। ਜੀਤ ਉਹਨਾਂ ਦੀ ਕੁੜ-ਕੁੜ ਤੋਂ ਬਹੁਤ ਪਰੇਸ਼ਾਨ ਹੋਇਆ। ਅਗਲੇ ਦਿਨ ਜੀਤ ਨੇ ਦੋਨਾਂ ਨੂੰ ਅੱਡ-ਅੱਡ ਖੁੱਡਿਆਂ ਵਿੱਚ ਰੱਖਿਆ। ਦੋਵੇਂ ਉਦਾਸ ਹੋ ਗਈਆਂ। ਉਹਨਾਂ ਨੇ ਖਾਣਾ-ਪੀਣਾ ਬੰਦ ਕਰ ਦਿੱਤਾ। ਉਹਨਾਂ ਨੂੰ ਉਦਾਸ ਦੇਖ ਕੇ ਜੀਤ ਨੇ ਦੋਨਾਂ ਨੂੰ ਫ਼ਿਰ ਇਕੋ ਖੁੱਡੇ ਵਿੱਚ ਪਾ ਦਿੱਤਾ। ਹੁਣ ਉਹ ਖੁਸ਼ ਸਨ।

## ਪੈਰਾ

ਮੈਨੂੰ ਪੜ੍ਹਨ ਦਾ ਸ਼ੌਂਕ ਹੈ।
ਮੈਂ ਰੋਜ਼ ਸਕੂਲ ਜਾਂਦੀ ਹਾਂ।
ਮਨ ਲਗਾ ਕੇ ਪੜ੍ਹਦੀ ਹਾਂ।
ਪਹਿਲੇ ਦਰਜੇ 'ਤੇ ਆਉਂਦੀ ਹਾਂ।

## ਪੈਰਾ

ਸਾਉਣ ਦਾ ਮਹੀਨਾ ਹੈ।
ਮੀਂਹ ਪੈ ਰਿਹਾ ਹੈ।
ਬੱਚੇ ਮੀਂਹ ਵਿੱਚ ਨਹਾ ਰਹੇ ਹਨ।
ਵਡੇ ਵੀ ਖੁਸ਼ ਹਨ।

# ਪੜ੍ਹਨ ਦੀ ਜਾਂਚ (2)

**ਅੱਖਰ**

ਖ ਸ ਜ

ਥ ਢ

ਫ ਧ ਘ

ਝ ਬ

ਪੰਜ ਪੁੱਛੋ, 5 ਵਿੱਚੋਂ 4 ਸਹੀ ਹੋਣੇ ਚਾਹੀਦੇ ਹਨ।

**ਸ਼ਬਦ**

ਪਤੰਗ ਸੱਪ

ਨਲਕਾ

ਸੇਬ ਪਾਣੀ

ਦਾਦੀ ਕਿਤਾਬ

ਰਸਤਾ

ਪੱਖਾ ਪਾਰਕ

ਪੰਜ ਪੁੱਛੋ, 5 ਵਿੱਚੋਂ 4 ਸਹੀ ਹੋਣੇ ਚਾਹੀਦੇ ਹਨ।

# ਪੜ੍ਹਨ ਦੀ ਜਾਂਚ (3)

Annual Status of Education Report
ਅਸਰ ASER 2016 RURAL
Facilitated by PRATHAM

## ਕਹਾਣੀ

ਕੱਲ੍ਹ ਬਹੁਤ ਗਰਮੀ ਸੀ। ਸਾਰੇ ਗਰਮੀ ਕਾਰਨ ਪਰੇਸ਼ਾਨ ਸਨ। ਅੱਜ ਸਵੇਰੇ ਅਚਾਨਕ ਕਾਲੇ-ਕਾਲੇ ਬੱਦਲ ਛਾ ਗਏ। ਚਾਰੇ ਪਾਸੇ ਹਨ੍ਹੇਰਾ ਛਾ ਗਿਆ। ਸਾਰੇ ਬਦੱਲ ਦੇਖ ਕੇ ਬਹੁਤ ਖੁਸ਼ ਹੋ ਗਏ। ਠੰਡੀ-ਠੰਡੀ ਹਵਾ ਚੱਲਣ ਲੱਗੀ। ਫ਼ਿਰ ਮੀਂਹ ਪੈਣ ਲੱਗਿਆ। ਸਾਰੇ ਮੀਂਹ ਵਿੱਚ ਨਹਾਉਣ ਲੱਗੇ। ਮੈਂ ਵੀ ਮੀਂਹ ਵਿੱਚ ਨਹਾਉਣ ਲੱਗਿਆ। ਨਹਾਉਂਦੇ-ਨਹਾਉਂਦੇ ਮੈਨੂੰ ਠੰਡ ਲੱਗਣ ਲੱਗੀ। ਫ਼ਿਰ ਮੈਂ ਘਰ ਆ ਗਿਆ।

## ਪੈਰਾ

ਸਾਡੇ ਘਰ ਇੱਕ ਦਰੱਖ਼ਤ ਹੈ।
ਉਸ 'ਤੇ ਬੜੇ ਅੰਬ ਲਗਦੇ ਹਨ।
ਅਸੀਂ ਮਿੱਠੇ ਅੰਬ ਖਾਂਦੇ ਹਾਂ।
ਕੱਚੇ ਅੰਬਾਂ ਦਾ ਅਚਾਰ ਪਾਉਂਦੇ ਹਾਂ।

## ਪੈਰਾ

ਪਾਪਾ ਜੀ ਬਸਤਾ ਲਿਆਏ।
ਇਹ ਹਰੇ ਰੰਗ ਦਾ ਹੈ।
ਇਸ ਨੂੰ ਜੇਬਾਂ ਲੱਗੀਆਂ ਹਨ।
ਮੈਂ ਬਸਤੇ ਵਿੱਚ ਕਿਤਾਬਾਂ ਰਖਾਂਗੀ।

# ਪੜ੍ਹਨ ਦੀ ਜਾਂਚ (3)

ASER 2016 RURAL
Annual Status of Education Report
Facilitated by PRATHAM

## ਅੱਖਰ

ਨ ਕ ਰ

ਟ ਲ

ਹ ਫ ਮ

ਚ ਗ

ਪੰਜ ਪੁੱਛੋ, 5 ਵਿੱਚੋਂ 4 ਸਹੀ ਹੋਣੇ ਚਾਹੀਦੇ ਹਨ।

## ਸ਼ਬਦ

ਚਾਲ ਦੁਖੀ

ਸੁੱਕਾ

ਦੂਜਾ ਫੌਜ

ਕੇਲਾ ਟੋਪੀ

ਪੈਰ

ਤੀਰ ਦਿਨ

ਪੰਜ ਪੁੱਛੋ, 5 ਵਿੱਚੋਂ 4 ਸਹੀ ਹੋਣੇ ਚਾਹੀਦੇ ਹਨ।

# ਪੜ੍ਹਨ ਦੀ ਜਾਂਚ (4)

## ਕਹਾਣੀ

ਸਾਡੇ ਪਿੰਡ ਵਿੱਚ ਹਰ ਸਾਲ ਬਹੁਤ ਭਾਰੀ ਮੇਲਾ ਲੱਗਦਾ ਹੈ। ਸਾਰੇ ਲੋਕ ਮੇਲਾ ਵੇਖਣ ਜਾਂਦੇ ਹਨ। ਉਸ ਵਿੱਚ ਬਹੁਤ ਹੀ ਭੀੜ ਹੁੰਦੀ ਹੈ। ਸਾਡੇ ਪੰਜਾਬ ਦਾ ਮੁੱਖ ਲੋਕ ਨਾਚ ਗਿੱਧਾ ਤੇ ਭੰਗੜਾ ਹੈ। ਮੇਲੇ ਵਿੱਚ ਗਿੱਧੇ ਅਤੇ ਭੰਗੜੇ ਨੂੰ ਵਧੀਆ ਢੰਗ ਨਾਲ ਦਰਸਾਇਆ ਜਾਂਦਾ ਹੈ। ਜੋ ਮੇਲੇ ਦੀ ਰੌਣਕ ਨੂੰ ਵਧਾਉਂਦੇ ਹਨ। ਸਾਰੇ ਲੋਕ ਸ਼ਾਮ ਤੱਕ ਮੇਲੇ ਦਾ ਆਨੰਦ ਮਾਣਦੇ ਹਨ।

## ਪੈਰਾ

ਮਾਤਾ ਜੀ ਨੇ ਪਕੌੜੇ ਬਣਾਏ।
ਰਾਜੂ ਨੇ ਚਟਣੀ ਨਾਲ ਖਾਧੇ।
ਪਕੌੜੇ ਬਹੁਤ ਸਵਾਦ ਸਨ।
ਖਾਣ ਤੋਂ ਬਾਅਦ ਉਹ ਸੌਂ ਗਿਆ।

## ਪੈਰਾ

ਸਾਨੂੰ ਫ਼ਲ ਖਾਣੇ ਚਾਹੀਦੇ ਹਨ।
ਮੈਨੂੰ ਸੇਬ ਪਸੰਦ ਹੈ।
ਇਹ ਬਹੁਤ ਮਿੱਠਾ ਹੁੰਦਾ ਹੈ।
ਮੈਂ ਰੋਜ਼ ਇੱਕ ਸੇਬ ਖਾਂਦਾ ਹਾਂ।

# ਪੜ੍ਹਨ ਦੀ ਜਾਂਚ (4)

Annual Status of Education Report
ASER 2016 RURAL
Facilitated by PRATHAM

## ਅੱਖਰ

ੳ ਨ ਤ

ਘ ਲ

ਰ ਡ ੲ

ਮ ਕ

ਪੰਜ ਪੁੱਛੋ, 5 ਵਿੱਚੋਂ 4 ਸਹੀ ਹੋਣੇ ਚਾਹੀਦੇ ਹਨ।

## ਸ਼ਬਦ

ਗਾਣਾ ਦੁੱਧ

ਰਾਣੀ

ਪੈਰ ਮੋਰ

ਫੌਜੀ ਖ਼ੇਤ

ਰਿਛ

ਤਾਰਾ ਪੂੜੀ

ਪੰਜ ਪੁੱਛੋ, 5 ਵਿੱਚੋਂ 4 ਸਹੀ ਹੋਣੇ ਚਾਹੀਦੇ ਹਨ।